# ਨਵੇਂ ਨੇਮ ਦਾ ਪ੍ਰਭੂ ਭੋਜ

ਫਰੈਂਕਲਿਣ ਰਾਹੀ ਸ਼ਿਕਸ਼ਾ

**ਲੂਕਾ** 22:1 ਪਤੀਰੀ ਰੋਟੀ ਦਾ ਤਿਉਹਾਰ ਜਿਹ ਨੂੰ **ਪਸਾਹ** ਕਹਿੰਦੇ ਹਨ ਨੇੜੇ ਆ ਪੁੱਜਿਆ ।

**ਪਸਾਹ ਦਾ ਭੋਜ ਇਸਰਾਏਲ** ਲਈ ਸਲਾਣਾ ਤਿਉਹਾਰ ਸੀ ਤਾਂ ਜੋ ਉਹ **ਲਹੂ ਦੇ ਨੇਮ** ਨੂੰ ਚੇਤੇ ਰੱਖਣ ਭਈ ਪ੍ਰਭੂ ਨੇ ਕਿਵੇਂ ਉਨ੍ਹਾਂ ਨੂੰ ਛੁਟਕਾਰਾ ਦੇਕੇ ਮਿਸਰ ਤੋਂ ਬਾਹਰ ਕੱਢਿਆ ।

**ਹਵਾਲਾ** 15 ਅਤੇ ਉਸ ਨੇ ਉਨ੍ਹਾਂ ਨੂੰ ਕਿਹਾ, **"ਕਿ ਮੈਂ ਵੱਡੀ ਇੱਛਿਆ ਨਾਲ ਚਾਹਿਆ ਜੋ ਆਪਣੇ** ਕਸ਼ਟ ਭੋਗਣ ਤੋਂ ਪਹਿਲਾਂ **ਇਹ ਪਸਾਹ ਤੁਹਾਡੇ ਨਾਲ ਖਾਵਾਂ** । (ਆਪਣੇ ਦਿੱਲ ਨੂੰ ਜੋਸ਼ ਨਾਲ ਇੱਸ ਵਿੱਚ ਲਾਉਨਾ)

- ਕਿਉਂ? ਕਿਉਂ ਯਿਸੂ ਨੇ ਵੱਡੀ ਇੱਛਿਆ ਨਾਲ ਅਪਣੇ ਚੇਲਿਆਂ ਦੇ ਨਾਲ ਪਸਾਹ ਖਾਣ ਲਈ ਚਾਹ ਕਿਤੀ?
- ਇੱਸ ਪਸਾਹ ਦੇ ਭੋਜ ਬਾਰੇ ਕੀ ਸੀ ਜੋ ਉਸ ਲਈ ਇਨ੍ਹਾਂ ਜ਼ਰੂਰੀ ਸੀ?

## ਸੱਭ ਤੋਂ ਪਹਿਲਾਂ – ਯਿਸੂ ਜਾਣਦਾ ਸੀ ਕਿ ਉਹ ਪਸਾਹ ਦਾ ਲੇਲਾ ਹੈ ਅਤੇ ਉਹ ਦਿਨ ਆਵੇਗਾ ਜਿੱਸ ਵਿੱਚ **ਪਸਾਹ ਦਾ ਲੇਲਾ ਬਲਿਦਾਨ ਹੋਵੇਗਾ ।**

ਲੂਕਾ 22:7

ਪੁਰਾਨਾ ਨੇਮ ਦਾ **ਪਸਾਹ ਸ਼ਿਕਸ਼ਾ ਰੂਪੀ ਅਤੇ ਉਦਾਹਰਣ** ਹੈ ਉਸ ਪਰਮੇਸ਼ੁਰ ਦੇ ਸੱਚੇ ਲੇਲੇ ਯਿਸੂ ਮਸੀਹ ਦਾ ।

- **ਅਬਰਾਹਾਮ ਰਾਹੀ ਅਗੰਮਵਾਕ:** ਉਤਪਤ 22:8 ਅਬਰਾਹਾਮ ਨੇ ਆਖਿਆ, ਹੇ ਮੇਰੇ ਪੁੱਤ੍ਰ ਪਰਮੇਸ਼ੁਰ ਹੋਮ ਬਲੀ ਲਈ ਲੇਲਾ ਆਪ ਹੀ ਦੇਊਗਾ ।
- ਯਸਾਯਾਹ ਰਾਹੀ **ਅਗੰਮਵਾਕ:** (53:7) ਉਹ ਸਤਾਇਆ ਗਿਆ ਤੇ ਦੁਖੀ ਹੋਇਆ, ਪਰ ਉਸ ਆਪਣਾ ਮੂੰਹ ਨਾ ਖੋਲ੍ਹਿਆ, **ਲੇਲੇ** ਵਾਂਙੁ ਜਿਹੜਾ ਕੱਟੇ ਜਾਣ ਲਈ ਲੈ ਜਾਇਆ ਜਾਂਦਾ, ਅਤੇ ਭੇਡ ਵਾਂਙੁ ਜਿਹੜੀ ਉੱਨ ਕਤਰਨ ਵਾਲਿਆਂ ਦੇ ਅੱਗੇ ਗੁੰਗੀ ਹੈ, ਸੋ ਉਸ ਆਪਣਾ ਮੂੰਹ ਨਾ ਖੋਲ੍ਹਿਆ ।
- ਯੂਹੰਨਾ ਬੱਪਤਿਸਮ ਵਾਲੇ ਰਾਹੀ **ਪਰਚਿੱਤ** ਕਿਤਾ ਗਿਆ (ਯੂਹੰਨਾ 1:29) ਵੇਖੋ, **ਪਰਮੇਸ਼ੁਰ ਦਾ ਲੇਲਾ** ਜਿਹੜਾ ਜਗਤ ਦਾ ਪਾਪ ਚੁੱਕ ਲੈ ਜਾਂਦਾ ਹੈ !
- ਪਤਰਸ ਰਾਹੀ **ਸਪਸ਼ਟੀਕਰਣ**: 1 ਪਤਰਸ 1:18-19 ਕਿਉਂ ਜੋ ਤੁਸੀਂ ਜਾਣਦੇ ਹੋ ਭਈ ਤੁਸੀਂ ਜੋ ਆਪਣੀ ਅਕਾਰਥ ਚਾਲ ਤੋਂ ਜਿਹੜੀ ਤੁਹਾਡੇ ਵੱਡਿਆਂ ਤੋਂ ਚਲੀ ਆਈ ਹੈ ਨਿਸਤਾਰਾ ਪਾਇਆ ਸੋ ਨਾਸਵਾਨ ਵਸਤਾਂ ਅਰਥਾਤ ਚਾਂਦੀ ਸੋਨੇ ਨਾਲ ਨਹੀਂ, (19) ਸਗੋਂ ਮਸੀਹ ਦੇ **ਅਮੋਲਕ ਲਹੂ** ਨਾਲ ਪਾਇਆ ਜਿਹੜਾ ਨਿਹਕਲੰਕ ਅਤੇ ਬੇਦਾਗ **ਲੇਲੇ** ਦੀ ਨਿਆਈਂ ਸੀ ।

- ਯੂਹੰਨਾ ਰਾਹੀ **ਮਹਿਮਾ ਵਿੱਚ ਵੇਖਿਆ ਜਾਨਾ:** ਪ੍ਰਕਾਸ਼ ਦੀ ਪੋਥੀ 5:5-14:ਵੇਖ,ਉਹ **ਬਬਰ ਸ਼ੇਰ** ਜਿਹੜਾ ਯਹੂਦਾਹ ਦੇ ਗੋਤ ਵਿੱਚੋਂ ਹੈ ਅਤੇ "ਦਾਊਦ ਦੀ ਜੜ੍ਹ" ਹੈ ਉਸ ਪੋਥੀ ਅਤੇ ਉਹ ਦੀਆਂ ਸੱਤਾਂ ਮੋਹਰਾਂ ਦੇ ਖੋਲ੍ਹਣ ਲਈ ਜਿੱਤ ਗਿਆ ਹੈ । (6) ਅਤੇ ਮੈਂ ਸਿੰਘਾਸਣ ਅਤੇ ਚੌਹਾਂ ਜੰਤੂਆਂ ਦੇ ਵਿਚਾਲੇ ਅਤੇ ਓਹਨਾਂ ਬਜ਼ੁਰਗਾਂ ਦੇ ਵਿਚਾਲੇ ਇੱਕ **ਲੇਲੇ** ਨੂੰ ਜੋ ਮਾਨੋ ਕੋਹਿਆ ਗਿਆ ਸੀ . . . (7) ਅਤੇ ਉਹ ਨੇ ਆਣ ਕੇ ਉਸ ਦੇ ਸੱਜੇ ਹੱਥੋਂ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਸੀ ਉਹ ਪੋਥੀ ਲੈ ਲਈ ।(8) ਅਤੇ ਜਾਂ ਉਹ ਨੇ ਪੋਥੀ ਲੈ ਲਈ ਤਾਂ ਚਾਰੇ ਜੰਤੂ ਅਤੇ ਚੱਵੀ ਬਜ਼ੁਰਗ **ਲੇਲੇ** ਦੇ ਅੱਗੇ ਡਿੱਗ ਪਏ ਅਤੇ ਹਰੇਕ ਦੇ ਕੋਲ ਰਬਾਬ ਅਤੇ ਧੂਪ ਨਾਲ ਭਰੇ ਹੋਏ ਸੋਨੇ ਦੇ ਕਟੋਰੇ ਸਨ ਜਿਹੜੇ ਸੰਤਾਂ ਦੀਆਂ **ਪ੍ਰਾਰਥਨਾਂ** ਹਨ ।(9) ਅਤੇ ਓਹ ਇਹ ਆਖਦਿਆਂ ਇੱਕ ਨਵਾਂ ਗੀਤ ਗਾਉਂਦੇ ਸਨ,- ਤੂੰ ਉਹ ਪੋਥੀ ਲੈਣ ਅਤੇ ਉਹ ਦੀਆਂ ਮੋਹਰਾਂ ਖੋਲ੍ਹਣ ਦੇ ਜੋਗ ਹੈਂ; ਕਿਉਂਕਿ **ਤੂੰ ਕੋਹਿਆ ਗਿਆ** ਸੈਂ, ਅਤੇ ਤੈਂ **ਆਪਣੇ ਲਹੂ** ਨਾਲ ਹਰੇਕ ਗੋਤ, ਭਾਖਿਆ, ਉੱਮਤ ਅਤੇ ਕੌਮ ਵਿੱਚੋਂ **ਪਰਮੇਸ਼ੁਰ ਦੇ ਲਈ** ਲੋਕਾਂ ਨੂੰ **ਮੁੱਲ ਲਿਆ**, (10) ਅਤੇ ਓਹਨਾਂ ਨੂੰ ਸਾਡੇ ਪਰਮੇਸ਼ੁਰ ਲਈ, ਇੱਕ ਪਾਤਸ਼ਾਹੀ ਅਤੇ ਜਾਜਕ ਬਣਾਇਆ, ਅਤੇ ਓਹ ਧਰਤੀ ਉੱਤੇ ਰਾਜ ਕਰਨਗੇ ।(11) ਤਾਂ ਮੈਂ ਡਿੱਠਾ ਅਤੇ ਸਿੰਘਾਸਣ, ਓਹਨਾਂ ਜੰਤੂਆਂ, ਅਤੇ ਬਜ਼ੁਰਗਾਂ ਦੇ ਦੁਆਲੇ ਬਹੁਤਿਆਂ ਦੂਤਾਂ ਦੀ ਅਵਾਜ਼ ਸੁਣੀ ਅਤੇ ਓਹਨਾਂ ਦੀ ਗਿਣਤੀ ਲੱਖਾਂ ਅਤੇ ਕਰੋੜਾਂ ਸੀ ।(12) ਅਤੇ ਓਹ ਵੱਡੀ ਅਵਾਜ਼ ਨਾਲ ਇਹ ਆਖਦੇ ਸਨ, **ਲੇਲਾ** ਜਿਹੜਾ ਕੋਹਿਆ ਗਿਆ ਸੀ ਸਮਰੱਥਾ, ਧਨ, ਬੁੱਧ, ਸ਼ਕਤੀ, ਮਾਣ, ਮਹਿਮਾ ਅਤੇ ਧੰਨਵਾਦ ਲੈਣ ਦੇ ਜੋਗ ਹੈ ! (13) ਹਰੇਕ ਸਰਿਸ਼ਟ ਨੂੰ ਜੋ ਸੁਰਗ ਵਿੱਚ ਅਤੇ ਧਰਤੀ ਉੱਤੇ ਅਤੇ ਧਰਤੀ ਦੇ ਹੇਠ ਅਤੇ ਸਮੁੰਦਰ ਉੱਤੇ ਹੈ ਅਤੇ ਸੱਭੇ ਜੋ ਓਹਨਾਂ ਦੇ ਵਿੱਚ ਹਨ ਮੈਂ ਇਹ ਆਖਦੇ ਸੁਣਿਆ, ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ, ਉਹ ਦਾ ਅਤੇ **ਲੇਲੇ** ਦਾ ਧੰਨਵਾਦ, ਮਾਣ, ਮਹਿਮਾ ਪ੍ਰਾਕਰਮ ਜੁੱਗੋ ਜੁੱਗ ਹੋਵੇ ! (14) ਚਾਰੇ ਜੰਤੂ ਬੋਲੇ, "ਆਮੀਨ" ਅਤੇ ਓਹਨਾਂ ਬਜ਼ੁਰਗਾਂ ਨੇ ਡਿੱਗ ਕੇ ਮੱਥਾ ਟੇਕਿਆ ।

-----------------------------------------------------------------------

ਆਉ ਅਸੀਂ ਪਸਾਹ ਨਾਲ ਸੰਬੰਦਿੱਤ ਕੁੱਝ ਪਿੱਛਲੇ ਵਿਸ਼ੇਸ਼ ਗਲਾਂ ਤੇ ਗੋਰ ਕਰੀਏ ।

**ਕੂਚ** 12:1-2 ਯਹੋਵਾਹ ਨੇ ਮਿਸਰ ਦੇਸ ਵਿੱਚ ਮੂਸਾ ਅਤੇ ਹਾਰੂਨ ਨੂੰ ਆਖਿਆ ਕਿ (2) ਏਹ ਮਹੀਨਾ ਤੁਹਾਡੇ **ਮਹੀਨਿਆਂ ਦਾ ਅਰੰਭ ਹੋਵੇਗਾ** ਅਰ ਏਹ ਤੁਹਾਡੇ ਵਰਹੇ ਦੇ ਮਹੀਨਿਆਂ ਵਿੱਚ ਪਹਿਲਾ ਹੈ ।

- ਇਸ ਤਰਾਂ ਇਹ ਵਿਸ਼ੇਸ਼ ਸੀ! ਹਰਚੀਜ਼ ਇਸ ਤੋਂ ਸ਼ੁਰੂ ਹੋਈ ।
- ਤੁਹਾਡਾ ਪਸਾਹ - ਜਦੋਂ ਤੁਸੀਂ ਪਹਿਲੀ ਵਾਰ ਪਰਮੇਸ਼ੁਰ ਦਾ ਲੇਲਾ ਕਬੂਲੀਆ, ਯਿਸੂ ਮਸੀਹ - ਤੁਹਾਡੇ **ਮਹੀਨਿਆਂ ਦੀ ਵੀ ਸ਼ੁਰੂਆਤ** ਹੋ ਗਈ ।ਇਹ ਤਾਂ ਪਹਿਲਾਂ ਵਾਰ ਸੀ ਜੋ ਤੁਸੀਂ **ਜੀਵਤ** ਕੀਤੇ ਗਏ! ਉਸ ਤੋਂ ਪਹਿਲਾਂ ਤੁਸੀਂ **ਮੁਰਦੇ** ਸਾਓ ।

  ਅਫ਼ਸੀਆਂ 2:1-5 ਅਤੇ ਤੁਸੀਂ ਅਪਣੇ ਅਪਰਾਧਾਂ ਕਰਕੇ **ਮੁਰਦੇ** ਸਾਓ, . . (4) ਪਰੰਤੂ ਪਰਮੇਸ਼ੁਰ ਨੇ ਜਿਹੜਾ ਦਯਾ ਦਾ ਧਨੀ ਹੈ ਆਪਣੇ ਉਸ ਵੱਡੇ ਪ੍ਰੇਮ ਕਰਕੇ ਜਿਸ ਤੋਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ, (5) . . . ਤਦੋਂ ਸਾਨੂੰ ਮਸੀਹ ਦੇ ਨਾਲ **ਜਿਵਾਲਿਆ** (ਕਿਰਪਾ ਤੋਂ ਹੀ ਤੁਸੀਂ ਬਚਾਏ ਗਏ ਹੋ) ।

**ਕੂਚ** 12:3 "ਇਸਰਾਏਲ ਦੀ ਸਾਰੀ ਮੰਡਲੀ ਨੂੰ ਏਹ ਬੋਲੋ, . . . **ਇੱਕ ਇੱਕ ਜਣਾ** ਆਪੋ ਆਪਣੇ **ਪ੍ਰਿਤਾਂ** ਦੇ ਘਰਾਣੇ ਅਨੁਸਾਰ **ਹਰ ਘਰ ਪਿੱਛੇ ਇੱਕ ਇੱਕ ਲੇਲਾ ਲਵੇ** ।

- "**ਹਰ ਇੱਕ** ਨੂੰ ਲੇਲਾ ਲੈਨਾ ਹੈ." ਕੇਵਲ ਇੱਸ ਲਈ ਜੋ ਸਾਡੇ ਮਾਂ ਪਿਉ ਨੇ "ਲੇਲਾ ਲੈ ਲਿਆ ਹੈ" ਇਹ ਸਾਡੀ ਮੁਕਤੀ ਲਈ ਕਾਫੀ ਨਹੀਂ ਹੈ ।

- ਇੱਕ ਲੇਲਾ ਹਰ ਇੱਕ ਘਰ ਲਈ - ਸਾਡੇ ਸਵਰਗੀਏ ਪਿਤਾ ਨੇ **ਅਪਣੇ ਘਰਾਣੇ** ਲਈ ਲੇਲਾ ਦਿੱਤਾ

**ਕੂਚ** 12:13 **ਲਹੂ** ਤੁਹਾਡੇ ਲਈ **ਘਰਾਂ** ਉੱਤੇ ਜਿੱਥੇ ਤੁਸੀਂ ਹੋਵੋਗੇ **ਨਿਸ਼ਾਨ** ਹੋਵੇਗਾ

- ਜਦੋਂ ਅਸੀਂ ਵਿਸਵਾਸ ਕਰਦੇ ਅਤੇ ਯਿਸੂ ਮਸੀਹ ਨੂੰ ਕਬੂਲ ਕਰਦੇ ਹਾਂ, ਪਰਮੇਸ਼ੁਰ ਦਾ ਲੇਲਾ, ਅਸੀਂ ਵੀ ਕਬੂਲ ਕਰਦੇ ਅਤੇ ਲੇਲੇ ਦਾ ਲਹੂ ਅਪਣੇ ਤੇ ਲਾਉਂਦੇ ਹਾਂ

ਅਤੇ **ਜਦੋਂ ਮੈਂ ਲਹੂ ਨੂੰ ਵੇਖਾਂਗਾ ਮੈਂ ਤੁਹਾਡੇ ਉੱਤੋਂ ਦੀ ਲੰਘ ਜਾਵਾਂਗਾ** ਅਰ ਤੁਹਾਡੇ ਉੱਤੇ ਕੋਈ ਬਵਾ **ਜਦ** ਮੈਂ ਮਿਸਰ ਦੇਸ ਨੂੰ ਮਾਰਾਂਗਾ ਨਾ ਪਵੇਗੀ ਜਿਹੜੀ ਤੁਹਾਡਾ ਨਾਸ ਕਰੇ ।

- ਪ੍ਰਭੂ ਭਾਲ ਰਿਹਾ ਹੈ ਲਹੂ ਨੂੰ ।ਪ੍ਰਭੂ ਉਨ੍ਹਾਂ ਨੂੰ ਭਾਲਦਾ ਹੈ ਜਿਨ੍ਹਾਂ ਨੂੰ ਅਪਣੀ ਮਾਫੀ ਅਤੇ ਮੁਕਤੀ ਦੀ ਲੋੜ ਦਾ ਪੱਤਾ ਹੁੰਦੇ ਕਬੂਲਦੇ ਹਣ ਬਲਿਦਾਨ ਦੇ ਲੇਲੇ ਅਤੇ ਉਸ ਦਾ ਲਹੂ ਜਿਹੜਾ ਉਨ੍ਹਾਂ ਲਈ ਬਹਾਇਆ ਗਿਆ ।
- **ਜਦੋਂ ਮੈਂ ਲਹੂ ਨੂੰ ਵੇਖਾਂਗਾ ਮੈਂ ਤੁਹਾਡੇ ਉੱਤੋਂ ਦੀ ਲੰਘ ਜਾਵਾਂਗਾ** (ਸ਼ਾਬਦਿਕ: ਉੱਪਰ ਮੰਡਰਾਉਨਾਂ) ਅਤੇ ਨਾਸ਼ ਕਰਣ ਵਾਲੇ ਨੂੰ ਇਜ਼ਾਜਤ ਨਹੀਂ ਦੇਵਾਂਗਾ ਕਿ ਤੁਹਾਡੇ ਘਰ ਵਿੱਚ ਆ ਕੇ ਤੁਹਾਨੂੰ ਮਾਰੇ ।
- ਕੀ ਤੁਸਾਂ ਪਰਮੇਸ਼ੁਰ ਦੇ ਲੇਲੇ ਯਿਸੂ ਮਸੀਹ ਨੂੰ ਕਬੂਲ ਕਿਤਾ ਹੈ? ਅਤੇ ਉਸ ਦਾ ਲਹੂ ਆਪਣੇ ਤੇ ਲਿਆ ਹੈ? ਕੀ ਉਹ ਤੁਹਾਡੇ ਉਪਰ ਮੰਡਰਾਉਂਦਾ ਹੈ?

**ਜ਼ਬੂਰਾਂ ਦੀ ਪੋਥੀ** 91:1-4 ਜਿਹੜਾ ਅੱਤ ਮਹਾਨ ਦੀ **ਓਟ ਵਿੱਚ ਵੱਸਦਾ** ਹੈ ਉਹ ਸਰਬ ਸ਼ਕਤੀਮਾਨ ਦੇ ਸਾਯੇ ਹੇਠ **ਟਿਕੇਗਾ** ।(2) ਮੈਂ ਯਹੋਵਾਹ ਦੇ ਵਿਖੇ ਆਖਾਂਗਾ, ਕਿ ਉਹ ਮੇਰੀ ਪਨਾਹ ਅਤੇ ਮੇਰਾ ਗੜ੍ਹ ਹੈ, ਮੇਰਾ ਪਰਮੇਸ਼ੁਰ ਜਿਹ ਦੇ ਉੱਤੇ ਮੈਂ ਭਰੋਸਾ ਰੱਖਦਾ ਹਾਂ ।(3) **ਉਹ** ਤਾਂ ਤੈਨੂੰ ਫਾਂਧੀ ਦੀ ਫਾਹੀ ਵਿੱਚੋਂ ਅਤੇ **ਘਾਤਕ ਮਰੀ** ਤੋਂ **ਛੁਟਕਾਰਾ** ਦੇਵੇਗਾ ।(4) **ਉਹ** ਆਪਣੇ ਖੰਭਾਂ ਨਾਲ **ਤੈਨੂੰ ਢੱਕ ਲਵੇਗਾ**, ਅਤੇ **ਉਹ ਦੇ ਪਰਾਂ ਹੇਠ** ਤੂੰ ਪਨਾਹ ਲਵੇਂਗਾ, ਉਹ ਦੀ **ਸਚਿਆਈ** ਇੱਕ ਢਾਲ ਅਤੇ ਫਰੀ ਹੈ ।

- ਇਹੋ ਜਿਹੀ ਸੁਰਕਸ਼ਾ ਦੇ ਲਈ ਤੁਹਾਨੂੰ ਉਹ ਦੇ ਪਰਾਂ ਹੇਠ ਵੱਸਨਾ, ਟਿਕਨਾ, **ਚਾਹੀਦਾ** ਹੈ ।
- ਅਣਆਗਿਆਕਾਰੀਤਾ ਕਰਨੀ ਉਹ ਦੀ ਪਨਾਹ ਵਿੱਚੋਂ ਨਿਕਲ ਜਾਨਾ ਹੈ!

---

ਅੱਗੇ ਵੱਦਦੇ ਹੋਏ **ਲੂਕਾ** 22:16 ਕਿਉਂ ਜੋ ਮੈਂ ਤੁਹਾਨੂੰ ਆਖਦਾ ਹਾਂ ਭਈ ਮੈਂ ਇਹ ਨੂੰ **ਨਾ ਖਾਵਾਂਗਾ ਜਦ ਤੀਕਰ ਇਹ ਪਰਮੇਸ਼ੁਰ ਦੇ ਰਾਜ ਵਿੱਚ ਸੰਪੂਰਨ ਨਾ ਹੋਵੇ** । (17) ਉਸ ਨੇ ਪਿਆਲਾ ਲਿਆ ਅਰ ਸ਼ੁਕਰ ਕਰ ਕੇ ਆਖਿਆ, ਇਹ ਨੂੰ ਲੈ ਕੇ ਆਪੋ ਵਿੱਚ ਵੰਡ ਲਓ ।(18) ਕਿਉਂ ਜੋ ਮੈਂ ਤੁਹਾਨੂੰ ਆਖਦਾ ਹਾਂ ਕਿ ਏਦੋਂ ਅੱਗੇਮੈਂ ਦਾਖ ਰਸ ਕਦੇ ਨਾ ਪੀਆਂਗਾ **ਜਦ ਤੀਕਰ ਪਰਮੇਸ਼ੁਰ ਦਾ ਰਾਜ ਨਾ ਆਵੇ ।**

- ਪ੍ਰਭੂ ਯਿਸੂ ਹੁਣ ਬੜੇ **ਚਾਹ ਨਾਲ** ਉਸ ਦਿਨ ਦੀ ਉਡੀਕ ਕਰ ਰਹੇ ਹਣ ਜਦੋਂ ਇਹ ਸੁਰਗੀ ਰਾਜ ਦਾ ਸੁਸਮਾਚਾਰ ਸਾਰੀ ਦੁਨਿਆ ਵਿੱਚ ਪ੍ਰਚਾਰ ਕਿਤਾ ਜਾਵੇਗਾ ਸਾਰੇ ਦੇਸ਼ਾਂ ਲਈ ਗਵਾਹੀ ਦੇ ਤੋਰ ਤੇ (ਜਾਤੀ ਸਮੂਹ), ਅਤੇ ਫਿਰ ਅੰਤ ਆ ਜਾਵੇਗਾ

(ਮੱਤੀ 24:14)

- **ਉਹ ਸਾਡੀ ਉਡੀਕ ਕਰ ਰਿਹਾ ਹੈ** ਜੋ ਅਸੀਂ ਅਪਣੇ ਕੰਮ ਨੂੰ ਪੂਰਾ ਕਰੀਏ, ਸਾਡੀ ਆਗਿਆ, ਫਿਰ **ਅਸੀਂ ਉਸ ਨਾਲ ਮੇਜ ਵਿੱਚ ਸ਼ਾਮਲ ਹੋ ਜਾਵਾਂਗੇ, ਅਤੇ ਨੇਮ ਦੇ ਭੋਜ ਵਿੱਚ ਇਕੱਠੇ ਸ਼ਾਮਲ ਹੋਵਾਂਗੇ, ਪਰਮੇਸ਼ੁਰ ਦੇ ਰਾਜ ਵਿੱਚ ।**

ਅਤੇ ਉਸ ਭੋਜ ਨੂੰ ਕਿਹਾ ਜਾਵੇਗਾ: **ਲੇਲੇ ਦੇ ਵਿਆਹ ਦਾ ਭੋਜ**
ਪ੍ਰਕਾਸ਼ ਦੀ ਪੋਥੀ 19:7-9 ਆਓ, ਅਸੀਂ ਅਨੰਦ ਕਰੀਏ ਅਤੇ ਨਿਹਾਲ ਹੋਈਏ, ਅਤੇ ਉਹ ਦੀ ਵਡਿਆਈ ਕਰੀਏ, **ਲੇਲੇ** ਦਾ ਵਿਆਹ ਜੋ ਆ ਗਿਆ ਹੈ, ਅਤੇ ਉਹ ਦੀ ਲਾੜੀ ਨੇ **ਆਪਣੇ ਆਪ ਨੂੰ ਤਿਆਰ ਕਰ ਲਿਆ ਹੈ** ।ਏਹ (ਜ਼ਿੰਮੇਦਾਰੀ) ਉਸ ਨੂੰ ਬਖ਼ਸ਼ਿਆ ਗਿਆ ਭਈ ਭੜਕੀਲੇ ਅਤੇ ਸਾਫ ਕਤਾਨ ਦੀ **ਪੁਸ਼ਾਕ ਪਾਵੇ**, ਏਹ ਕਤਾਨ ਤਾਂ **ਸੰਤਾਂ ਦਾ ਧਰਮੀ ਕੰਮ ਹੈ** ।ਤਾਂ ਉਨ ਮੈਨੂੰ ਆਖਿਆ, ਲਿਖ ਭਈ ਧੰਨ **ਓਹ** ਜਿਹੜੇ **ਲੇਲੇ ਦੇ ਵਿਆਹ ਦੀ ਦਾਉਤ** ਵਿੱਚ **ਸੱਦੇ ਹੋਏ** ਹਨ ! ਅਤੇ ਉਨ ਮੈਨੂੰ ਆਖਿਆ ਭਈ ਏਹ ਪਰਮੇਸ਼ੁਰ ਦੀਆਂ ਸੱਚੀਆਂ ਗੱਲਾਂ ਹਨ ।

---

ਲੂਕਾ 22:19 ਤਾਂ ਉਸ ਨੇ **ਰੋਟੀ ਲਈ ਅਤੇ ਸ਼ੁਕਰ ਕਰ ਕੇ ਤੋੜੀ** ਅਤੇ ਇਹ ਕਹਿ ਕੇ ਉਨ੍ਹਾਂ ਨੂੰ ਦਿੱਤੀ ਕਿ **ਇਹ ਮੇਰਾ ਸਰੀਰ ਹੈ** ਜੋ ਤੁਹਾਡੇ ਬਦਲੇ ਦਿੱਤਾ ਜਾਂਦਾ ਹੈ, ਮੇਰੀ **ਯਾਦਗੀਰੀ** ਲਈ ਇਹ ਕਰਿਆ ਕਰੋ ।

- ਯਿਸੂ ਨੇ ਰੋਟੀ ਤੋੜੀ - ਉਸ ਨੇ ਅਪਨਾ ਸਰੀਰ ਤੋੜੇ ਜਾਣ ਲਈ ਦਿੱਤਾ (ਫ਼ਿਲਿਪੀਆਂ 2:6-8)
- ਜਦੋਂ ਅਸੀਂ ਰੋਟੀ ਤੋੜਦੇ ਜਾਂ ਰੋਟੀ ਦਾ ਟੁਕੜਾ ਲੈਂਦੇ ਹਾਂ ਤਾਂ ਅਸੀਂ ਘੋਸ਼ਨਾ ਕਰਦੇ ਅਤੇ ਮਣਦੇ ਹਾਂ: "ਮੇਰੇ ਪਾਪਾਂ ਨੇ ਉਸ ਦੇ ਸਰੀਰ ਨੂੰ ਤੋੜਿਆ"
- ਯਿਸੂ ਨੇ ਰੋਟੀ ਲਈ ਕਿਹਾ: **ਇਹ ਮੇਰਾ ਸਰੀਰ ਹੈ:** ਜਿਹੜੀ ਰੋਟੀ ਅਸੀਂ ਲੈਂਦੇ ਹਾਂ ਓਹ ਸਾਡੇ ਸਰੀਰ ਦੇ ਸਾਰੇ ਅੰਸਾਂ ਨੂੰ ਛੂਵੇਗਾ ਅਤੇ ਸਾਨੂੰ ਬਲ ਅਤੇ ਜੀਵਨ ਦੇਵੇਗਾ ।

  ਯੂਹੰਨਾ 6:35 ਯਿਸੂ ਨੇ ਉਨ੍ਹਾਂ ਨੂੰ ਆਖਿਆ, **ਜੀਉਣ ਦੀ ਰੋਟੀ ਮੈਂ ਹਾਂ** । ਜੋ ਮੇਰੇ ਕੋਲ **ਆਉਂਦਾ** ਹੈ ਉਹ ਮੂਲੋਂ ਭੁੱਖਾ ਨਾ ਹੋਵੇਗਾ ਅਤੇ ਜੋ ਮੇਰੇ ਉੱਤੇ **ਨਿਹਚਾ** ਕਰਦਾ ਹੈ ਸੋ ਕਦੇ ਵੀ ਤਿਹਾਇਆ ਨਾ ਹੋਵੇਗਾ

  ➢ ਇਹ ਨੇਮ ਦਾ ਵਾਦਾ ਹੈ

  ਯੂਹੰਨਾ 6:51 ਉਹ **ਜੀਉਂਦੀ ਰੋਟੀ** ਜੋ ਸੁਰਗੋਂ ਉਤਰੀ **ਸੋ ਮੈਂ ਹਾਂ** । ਜੇ ਕੋਈ ਇਸ ਰੋਟੀਓਂ ਕੁਝ ਖਾਵੇ ਤਾਂ ਉਹ ਸਦਾ ਤੀਕੁ ਜੀਉਂਦਾ **ਰਹੇਗਾ** ਅਤੇ ਜੋ **ਰੋਟੀ** ਮੈਂ ਦਿਆਂਗਾ ਸੋ **ਮੇਰਾ ਮਾਸ ਹੈ** ਜਿਹੜਾ ਜਗਤ ਦੇ ਜੀਉਣ ਲਈ ਮੈਂ ਦਿਆਂਗਾ ।

---

ਲੂਕਾ 22:20 ਅਤੇ ਖਾਣ ਦੇ ਪਿੱਛੋਂ ਇਸੇ ਤਰਾਂ **ਉਸ ਨੇ ਪਿਆਲਾ** ਦੇ ਕੇ ਕਿਹਾ ਕਿ ਇਹ ਪਿਆਲਾ **ਮੇਰੇ ਲਹੂ** ਵਿੱਚ ਜੋ ਤੁਹਾਡੇ ਲਈ ਵਹਾਇਆ ਜਾਂਦਾ ਹੈ **ਨਵਾਂ ਨੇਮ ਹੈ** ।

ਵਿਸਵਾਸੀਆਂ ਲਈ, ਯਿਸੂ ਨੇ ਪੁਰਾਨੇ ਨੇਮ ਦੇ ਪਸਾਹ ਦੇ ਭੋਜ ਨੂੰ ਨਵੇਂ ਨੇਮ ਦੇ ਪ੍ਰਭੂ ਭੋਜ ਵਿੱਚ ਬਦਲ ਦਿੱਤਾ । (ਲੈਟਿਣ - ਕੋਮਣ-ਯੁਨਿਯਣ: ਸਾਂਝੀ ਭਾਗੇਦਾਰੀ, ਸਾਂਝਾ ਵੰਢਨਾ)

- **ਨਵਾਂ ਨੇਮ ਨੇ ਪੂਰਾਨੇ ਨੇਮ ਦੀ ਜਗਹ ਲੈ ਲਈ ।**
  ( 2 ਕੁਰਿੰ 5:17 . . .ਪੁਰਾਣੀਆਂ ਗੱਲਾਂ ਬੀਤ ਗਈਆਂ, ਨਵੀਂ ਆ ਗਈ )

(19) **ਮੇਰੀ ਯਾਦਗਾਰੀ** ਲਈ ਇਹ ਕਰਿਆ ਕਰੋ **ਪ੍ਰਭੂ ਭੋਜ ਯਿਸੂ ਮਸੀਹ ਦੇ ਛੁਟਕਾਰੇ ਦੇ ਕੰਮ ਅਤੇ ਲਹੂ ਦੇ ਨੇਮ ਵਿੱਚ ਅਸੀਂ ਉਸ ਦੇ ਨਾਲ ਬੱਜ ਗਏ ਹਾਂ ਦੀ ਯਾਦਗਾਰੀ** ਤੇ ਕੇਂਦ੍ਰਿਤ ਹੈ ।

- ਪੁਰਾਣਾ ਪਸਾਹ ਦਾ ਭੋਜ – ਮਿਸ੍ਰੀਆਂ ਦੀ ਗੁਲਾਮੀ ਤੋਂ ਛੁਟਕਾਰਾ ।

- ਨਵੇਂ ਨੇਮ ਦਾ ਭੋਜ – **ਪਾਪ ਅਤੇ ਮੌਤ ਦੀ ਗੁਲਾਮੀ** ਤੋਂ ਛੁਟਕਾਰਾ ।

---

ਪ੍ਰਭੂ ਭੋਜ ਨੇਮ ਦਾ ਭੋਜ ਹੈ:

ਇਹ ਦੁਸਰਾ ਕਾਰਣ ਹੈ ਕੀ ਯਿਸੂ ਨੂੰ ਦੁੱਖ ਉਠਾਣ ਤੋਂ ਪਹਿਲਾਂ ਅਪਣੇ ਚੇਲਿਆਂ ਦੇ ਨਾਲ ਪਸਾਹ ਖਾਣ ਦੀ ਬੜੀ ਚਾਹ ਸੀ ।ਅਤੇ ਕਿਉਂ ਉਸ ਨੂੰ ਚਾਹ ਹੈ ਕਿ ਸਾਡੇ ਨਾਲ ਅਪਣੇ ਰਾਜ ਵਿੱਚ ਇਹ ਖਾਵ ।

ਕਈ ਥਾਂਵਾਂ ਤੇ ਬਾਈਬਲ ਦੇ ਇੱਤਹਾਸ ਅਤੇ ਸਮਾਜ਼ ਵਿੱਚ, ਜਦੋਂ ਪਾਰਟਿਆਂ ਕਿਸੇ ਸਮਝੋਤੇ ਨੂੰ ਕਰਦੀਆਂ, ਤਾਂ ਉਹ **ਇੱਕਠੇ ਭੋਜ** ਕਰਦੇ ਹਣ ।

ਨੇਮ ਦਾ ਭੋਜ **ਮੋਹਰ** ਲਾਉਂਦੀ ਹੈ ਉਨ੍ਹਾਂ ਦੇ ਸ਼ਾਂਤੀ ਵਾਲੇ ਰਿਸ਼ਤੇ ਉਤੇ ਇੱਕ ਦੂਏ ਦੀ ਜਿੰਮੇਦਾਰੀ ਨਾਲ ।

- ਉੱਤਪਤ ਵਿੱਚ 31:54 ਯਾਕੂਬ ਅਤੇ ਲਬਾਨ ਸਾਨੂੰ ਨੇਮ ਦੇ ਭੋਜ ਦਾ ਉਦਾਹਰਣ ਦਿੰਦੇ ਹਣ ਜਿਹੜੀ ਦੋ ਵਿਰੋਧੀ ਪਾਰਟਿਆਂ ਵਿੱਚ **ਸ਼ਾਂਤੀ** ਲਿਆਉਂਦੀ ਹੈ ।

❖ ਇਨ੍ਹਾਂ ਕਰਨਾ ਦੇ ਕਾਰਨ ਹੀ ਪੂਰਵੀ ਦੇਸ਼ਾਂ ਦੇ ਲੋਗ ਸਾਡੇ ਨਾਲੋਂ ਜਿਯਾਦਾ ਚੰਗੇ ਤੋਰ ਨਾਲ ਜੋੜਣ ਵਾਲੇ ਨੇਮ ਨੂੰ ਇੱਕਠੇ "ਰੋਟੀ ਤੋੜਣ" ਨੂੰ ਸਮੱਝਦੇ ਹਣ ।

**ਮੈਂ** ਪੁਰਾਣੇ ਯਰੂਸ਼ਲਮ ਦੇ ਸ਼ਹਰ ਦੇ **ਇੱਕ ਦੁਕਾਨ ਵਿੱਚ** ਮੁਸਲਿਮ ਦੁਕਾਨਦਾਰ ਨੂੰ ਮਿਲ ਰਿਹਾ ਸੀ ਅਤੇ ਉਸ ਨੂੰ ਦੱਸ ਰਿਹਾ ਸਾਂ ਕਿ ਮੈਨੂੰ ਉਨ੍ਹਾਂ ਦੀ ਰੋਟੀ ਬਹੁਤ ਪਸੰਦ ਹੈ । ਉਸ ਅਪਣੇ ਬੇਟੇ ਨੂੰ ਰੋਟੀ ਮੁੱਲ ਲੈਣ ਘੱਲ ਦਿੱਤਾ ਅਤੇ ਉਸ ਨੇ ਉਹ ਮੈਨੂੰ ਦਿੱਤੀ । ਮੈਂ ਬੜਾ ਸ਼ਕਰਗੁਜਾਰ ਹੋਈਆ ਅਤੇ ਉਸ ਨੂੰ ਉਸ ਵਿੱਚੋਂ ਰੋਟੀ ਦੇਨੀ ਚਾਹੀ ਜਿਸ ਦਾ ਉਸ ਨੇ ਸਾ ਮਨਾ ਕਰ ਦਿੱਤਾ । ਬਾਦ ਵਿੱਚ ਮੈਨੂੰ ਜਾਣਕਾਰੀ ਮਿਲੀ ਜੋ ਉਹ ਕਿਸੇ ਵੀ ਰੀਤੀ ਨਾਲ ਰੋਟੀ ਤੋੜ ਕੇ ਮੇਰੇ ਨਾਲ ਜਿਸ ਨੂੰ ਉਹ ਅਸ਼ੁਦ ਮਣਦਾ ਹੈ ਸ਼ਾਂਤੀ ਦਾ ਨੇਮ ਨਹੀਂ ਬਣਾਵੇਗਾ ।

ਡੈਰੇਕ ਪਰਿੰਸ ਇੱਕ ਸੱਚੀ ਘਟਨਾ ਬਾਰੇ ਦੱਸਦੇ ਹਣ ਜਿਹੜੀ ਸਨ 1948 ਵਿੱਚ ਵਾਪਰੀ ਜਦੋਂ ਇਸਰਾਏਲ ਦੇਸ਼ ਹੋਂਦ ਵਿੱਚ ਆਈਆ ਅਤੇ ਇਸਰਾਏਲ ਦੇ ਆਸ ਪਾਸ ਦੇ ਇਲਾਕੇ ਦੇ ਮੁਸਲਮਾਨਾਂ ਅਤੇ ਯਹੂਦੀ ਲੋਕਾਂ ਵਿੱਚ ਲੜਾਈ ਛਿੜ੍ਹ ਗਈ ਸੀ ।
(ਇਹ ਸਚਾ ਵੇਰਵਾ "ਔ, ਯਰੂਸ਼ਲਮ" ਅਧਯਾਂਯ 29 ਦੀ ਕਿਤਾਬ ਵਿੱਚ ਮਿਲਦਾ ਹੈ)

ਇੱਕ ਯਹੂਦੀ ਕਿਬੂਟਜ਼ ਤੇ **ਯਰਦਨ** ਦੇ ਫੌਜਿਆਂ ਨੇ ਹਮਲਾ ਕਰ ਦਿੱਤਾ, ਅਤੇ ਉਸ ਨੂੰ ਉਨ੍ਹਾਂ ਨੇ ਪਲਟ ਦਿੱਤਾ ਅਤੇ ਬੁਰੀ ਤਰਾਂ ਨਾਸ਼ ਕਰ ਦਿੱਤਾ । ਬਸ ਮੁੱਠੀ ਭਰ ਯਹੂਦੀ ਲੋਕਾਂ ਨੂੰ ਬੰਦੱਕ ਬਨਾਂ ਲਿਆ ਗਿਆ ।ਉਨ੍ਹਾਂ ਵਿੱਚੋਂ ਇੱਕ ਜੁਆਣ ਯਹੂਦੀ ਔਰਤ ਅਲੀਸ਼ਾ ਸੀ । ਮੁਸਲਮਾਨ ਫੌਜੀ ਉਸ ਦੀ ਇੱਜ਼ਤ ਲੁੱਟਣ ਵਾਲੇ ਸਣ । ਉਨ੍ਹਾਂ ਹਲੇ ਉਸ ਦੇ ਕੱਪੜੇ ਹੀ ਪਾੜਨੇ ਸ਼ੁਰੂ ਕੀਤੇ ਸਨ ਤਾਂ ਇੱਕ ਅਨੋਖੀ ਘੱਟਨਾ ਘੱਟੀ । ਇੱਕ ਅਰਬੀ ਅਫ਼ਸਰ ਉੱਥੇ ਆ ਗਿਆ, ਦੋ ਫੋਜਿਆਂ ਨੂੰ ਗੋਲੀ ਮਾਰ ਦਿੱਤੀ, ਫਿਰ ਉਸ ਨੇ ਅਪਣੀ ਜੇਬ ਵਿੱਚੋਂ ਰੋਟੀ ਕੱਢੀ, ਉਸ ਯਹੂਦੀ ਔਰਤ ਨੂੰ ਦਿੱਤੀ ਅਤੇ ਕਿਹਾ, "ਇੱਸ ਨੂੰ ਖਾ ਲੈ" । ਜਦ ਉਸ ਨੇ ਰੋਟੀ ਖਾ ਲਈ, ਉਸ ਨੇ ਕਿਹਾ, "ਹੁਣ ਤੂੰ ਮੇਰੀ ਸੁਰਖਿਆ ਹੇਠ ਹੈਂ । ਤੈਨੂੰ ਕੋਈ ਹੱਥ ਨਹੀਂ ਲਾਵੇਗਾ" ।

**ਕਿਉਂ?** ਉਸ ਨੇ ਉਸ ਦੀ ਰੋਟੀ ਖਾ ਲਈ ਸੀ ਜਿਸ ਰਾਹੀ ਉਸ ਦਾ ਉਸ ਨਾਲ ਦਿਖਿੱਤ ਰੂਪ ਵਿੱਚ ਨੇਮ ਬੱਜ ਗਿਆ ਸੀ । ਅਤੇ ਆਵੇਸ਼ ਦੀ ਲੜਾਈ ਅਤੇ ਕਾਮੁਕਤਾ ਵਿੱਚ ਵੀ, ਉਨ੍ਹਾਂ ਮੁਸਲਮਾਨ ਫੋਜਿਆਂ ਨੇ ਅਪਣੇ ਅਫ਼ਸਰ ਅਤੇ ਇਸ ਜੁਆਣ ਯਹੂਦੀ ਔਰਤ ਵਿੱਚ ਨੇਮ ਦੇ ਰਿਸ਼ਤੇ ਦੀ ਕਦਰ ਕੀਤੀ ।

ਇੱਕ ਵਾਰ ਅਫ਼ਸਰ ਅਤੇ ਔਰਤ ਵਿੱਚ **ਰੋਟੀ ਤੋੜੀ ਗਈ,** ਉਹ ਸਬ ਉਸ ਪਵਿੱਤਰ ਨੇਮ ਦੇ ਪ੍ਰਤੀਕ ਦੇ ਪਾਬੰਦ ਹੋ ਗਏ:

- ਓਹ **ਸਮੱਝ ਗਏ** ਇਸ ਦਾ ਕੀ ਅੱਰਥ ਹੈ ।
- ਉਸ ਦਾ ਨਾ ਤਾਂ ਨੁਕਸਾਣ ਨਾ ਤੋਹੀਨ
- ਪਰ ਉਸ ਦੀ ਰੱਖਿਆ ਕਰਨੀ ਅਤੇ ਨਵੇਂ ਰਿਸ਼ਤੇ ਦਾ **ਆਦਰ** ਕਰਨਾ ਰੋਟੀ ਤੋੜਣ ਕਰਕੇ ।
- **ਸਾਨੂੰ ਵੀ ਇੱਹ ਸਮੱਝਣਾ ਹੈ** ਅਤੇ **ਵਫਾਦਾਰ** ਬਣਿਏ ਲੇਲਾ, ਯਿਸ ਮਸੀਹ ਅਤੇ ਇੱਕ ਦੂਏ ਨਾਲ ।

---

ਨੇਮ ਦੇ ਭੋਜ ਦਾ ਸਾਡੇ ਆਪਸ ਵਿੱਚ ਇੱਕ ਦੂਏ ਦੇ ਨਾਲ ਰਿਸ਼ਤੇ ਵਿੱਚ ਕੀ ਅੱਰਥ ਹੈ ?

- ਏਕਤਾ ਜਾਂ ਇੱਕਜੁੱਟ – ਦੂਏ ਨਾਲ ਵਿਵਹਾਰ ਜਿਵੇਂ ਤੁਸੀਂ ਅਪਣੇ ਨਾਲ ਵਿਵਹਾਰ ਕਰੋ । (ਮੱਤੀ 7:12)
- ਸਪੁਰਦਗੀ – ਇੱਕ ਦੂਏ ਦੀ ਸਫ਼ਲਤਾ ਅਤੇ ਤਰੱਕੀ ਲਈ
- ਵਫ਼ਾਦਾਰੀ – ਹਾਲਾਤ ਜਾਂ ਮਹਸੂਸ ਕਰਨਾ, ਮਸਲੇ ਜਾਂ ਚੋਟਾਂ ਤੋਂ ਹੱਟ ਕੇ
- ਰੱਖਿਆ, ਜਾਂ ਬਚਾਉ ਕਰਨਾ – ਕਿਸੇ ਵੀ ਪ੍ਰਕਾਰ ਦੇ ਹਮਲੇ ਤੋਂ
- ਨੁਕਸਾਨ ਨਾ ਕਰਨਾ ਇੱਕ ਦੂਏ ਨੂੰ, ਸ਼ਰੀਰਕ ਜਾਂ ਸ਼ਾਬਦਿੱਕ
- ਪ੍ਰਬੰਦ ਕਰਨਾ ਇੱਕ ਦੂਏ ਲਈ

ਸੱਬ ਲਹੂ ਦੇ ਨੇਮ ਕਰਕੇ // ਯਾਦ ਰੱਖਣਾ ਅਤੇ ਪੱਕਾ ਕਰਨਾ ਨੇਮ ਦੇ ਭੋਜ ਕਰਕੇ // ਰੋਟੀ ਦਾ ਤੋੜਨਾ ਅਤੇ ਪਿਆਲੇ ਦਾ ਪੀਨਾ // ਪ੍ਰਭੂ ਭੋਜ

**ਰੋਮੀਆਂ** 5:10 ਕਿਉਂਕਿ ਜਦੋਂ **ਅਸੀਂ ਵੈਰੀ ਹੋ** ਕੇ ਪਰਮੇਸ਼ੁਰ ਨਾਲ ਉਹ ਦੇ **ਪੁੱਤ੍ਰ ਦੀ ਮੌਤ** ਦੇ ਵਸੀਲੇ **ਮਿਲਾਏ ਗਏ,**

- ਅਲੱਗ ਕਰਨ ਦਾ ਮਸਲਾ (ਪਾਪ) ਸ਼ਮਾ ਕਰ ਦਿੱਤਾ ਗਿਆ ਅਤੇ ਹੱਟਾ ਦਿੱਤਾ ਗਿਆ ਅਤੇ ਅਸੀਂ ਯਿਸੂ ਮਸੀਹ ਦੇ ਨਾਲ **ਇੱਕ ਜੁੱਟ** ਦੇ **ਰਿਸ਼ਤੇ** ਵਿੱਚ ਲਿਆਏ ਗਏ ਸਾਂ **ਲਹੂ** ਦੇ ਕਾਰਨ ।

ਹਵਾਲਾ ਅਗੇ ਦਸਦਾ ਹੈ: ਤਾਂ **ਮਿਲਾਏ ਜਾ ਕੇ** ਅਸੀਂ ਇਸ ਨਾਲੋਂ **ਬਹੁਤ ਵਧ** ਕੇ **ਉਹ ਦੇ ਜੀਵਨ ਦੇ ਦੁਆਰਾ ਬਚ ਜਾਵਾਂਗੇ** । ਨੇਮ ਦੇ ਕਾਰਣ!

ਪਰਮੇਸ਼ੁਰ ਨਾਲ ਮਿਲਾਏ ਜਾਣ ਕਰਕੇ, ਅਸੀਂ ਪ੍ਰਭੂ ਭੋਜ ਵਿੱਚ ਹਿੱਸਾ ਲੈਂਦੇ ਹਾਂ, **ਨੇਮ ਦਾ ਭੋਜ ਅਪਣੇ ਸੰਮਿਲਨ** ਨੂੰ ਮਨਾਉਂਦਿਆਂ ਹੋਏ ਇਸ ਅਣੋਖੇ ਰਿਸ਼ਤੇ ਵਿੱਚ ਪ੍ਰਭ ਪਰਮੇਸ਼ੁਰੁ ਸਰਵਸ਼ਕਤੀਮਾਨ ਦੇ ਨਾਲ ਅਤੇ ਇੱਕ ਦੂਏ ਨਾਲ।

- ਉਸ ਨਾਲ ਇੱਕ ਹੋਨਾ, ਉਸ ਦੇ ਨਾਲ ਨੇਮ ਵਿੱਚ - ਉਸ ਦੇ ਕਿਸੇ ਇੱਕ ਤੇ ਵਾਰ ਕਰਨਾ ਉਸ ਤੇ ਵਾਰ ਕਰਨਾ ਹੈ !

  ਜਿਵੇਂ ਸੌਲੁਸ ਨੂੰ ਕਿਹਾ ਗਿਆ: ਰਸੂਲ 9:4 ਤਾਂ ਉਹ ਭੁਵੇਂ ਡਿੱਗ ਪਿਆ ਅਤੇ ਇੱਕ ਅਵਾਜ਼ ਸੁਣੀ ਜੋ ਉਹ ਨੂੰ ਕਹਿੰਦੀ, ਹੇ ਸੌਲੁਸ, ਹੇ ਸੌਲੁਸ ! ਤੂੰ **ਮੈਨੂੰ** ਕਿਉਂ ਸਤਾਉਂਦਾ ਹੈਂ ?

- ਨੇਮ ਹੇਠ ਤੁਸੀਂ ਉਸ ਦੀ ਅਤੇ ਉਹ ਤੁਹਾਡੀ ਰੱਖਿਆ ਕਰਦਾ ਹੈ

- ਵਾਰਿਸ – ਜੋ ਵੀ ਉਸਦਾ ਹੈ ਜੇ ਲੋੜ ਹੋਵੇ ਤਾਂ ਤੁਹਾਡਾ ਹੈ

ਸਬ ਲਹੂ ਦੇ ਨੇਮ ਕਰਕੇ // ਯਾਦ ਕਿਤਾ ਜਾਂਦਾ ਅਤੇ ਪਕਾ ਕਿਤਾ ਜਾਂਦਾ ਹੈ ਭੋਜ ਦੇ ਨੇਮ ਰਾਹੀ // ਰੋਟੀ ਦਾ ਤੋੜਿਆ ਜਾਨਾ ਅਤੇ ਪਿਆਲੇ ਤੋਂ ਪੀਨਾ // ਇੱਕਠੇ ਭੋਜ // ਪਰਮੇਸ਼ੁਰ ਨਾਲ ਮਿਲਾਏ ਜਾਨਾ, ਅਸੀਂ ਇੱਕਠੇ ਭੋਜ ਵਿੱਚ ਹਿੱਸਾ ਲੈਂਦੇ ਹਾਂ, ਨੇਮ ਦਾ ਭੋਜ **ਅਸੀਂ ਸ਼ਾਮੱਲ** ਹੋਕੇ ਸਰਵਸ਼ਕਤੀਮਾਨ ਪ੍ਰਭੂ ਪਰਮੇਸ਼ੁਰ ਦੇ ਨਾਲ ਇੱਸ ਅਨੋਖੇ ਰਿਸ਼ਤੇ ਵਿੱਚ, ਅਤੇ ਇੱਕ ਦੂਏ ਨਾਲ, ਮਨਾਉਂਦੇ ਹਾਂ ।

ਰੋਟੀ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ (ਉਸ ਦੇ ਸ਼ਰੀਰ ਨੂੰ ਦਰਸ਼ਾਉਂਦਾ ਹੈ) ਅਤੇ ਫਲ ਤੇ ਦਾਖਰਸ (ਉਸ ਦੇ ਲਹੂ ਨੂੰ ਦਰਸ਼ਾਉਂਦਾ ਹੈ) . . . ਵਿਚਾਰ ਕਰੋ . . . ਇਸ ਦੇ ਅੱਰਥ ਤੇ ਮਣਨ ਕਰੋ . . . ਉਸ ਦਾ ਤੁਹਾਡੇ ਪ੍ਰਤੀ ਸਮ੍ਰਪਣ . . . ਅਤੇ ਤੁਹਾਡੀ ਉਸ ਪ੍ਰਤੀ ਸਮ੍ਰਪਣ ਦੀ ਵਫ਼ਾਦਾਰੀ ।

ਜੇ ਅਸੀਂ ਪ੍ਰਭੂ ਦੇ ਨਾਲ ਸ਼ਾਂਤੀ ਜਾਂ ਏਕਤਾ ਵਿੱਚ ਨਹੀਂ ਹਾਂ ਜਾਂ ਇੱਕ ਦੂਏ ਨਾਲ (ਸਾਡੀ ਪਤਨੀ), ਤਾਂ **ਅਸੀਂ ਅਪਣੇ ਨੇਮ ਦਾ ਅਪਰਾਧ ਕੀਤਾ ਹੈ** ।

- ❖ ਅਸੀਂ ਅਪਣੇ ਜੀਵਨ ਵਿੱਚ ਇਜ਼ਾਜ਼ਤ ਦਿੰਦੇ ਅਤੇ ਲਿਆਉਂਦੇ ਹਾਂ ਸਮੱਸੀਆਵਾਂ ਨੂੰ (ਦੁਸ਼ਮਣ ਨੂੰ ਮੋਕਾ ਦਿਦੇ ਹਾਂ)
- ❖ ਅਤੇ ਹੋ ਸਕਦਾ ਹੈ ਗੰਭੀਰ ਨਤੀਜਿਆਂ ਦੇ ਨਾਲ!!

ਇਹ ਪੌਲੁਸ ਰਾਹੀ ਉਸ ਦੇ ਲੇਖਾਂ ਵਿੱਚ ਸ਼ਰੀਰਕ (ਸੰਸਾਰਕ ਜਾਂ ਸ਼ਰੀਰਕ) ਕੁਰਿੰਥੀਆਂ ਦੀ ਕਲਿਸੀਆ ਲਈ ਜਾਹਰ ਕੀਤਾ ਗਿਆ:
1 ਕੁਰਿੰਥੀਆਂ 3:1-4 ਹੇ ਭਰਾਵੋ, ਮੈਂ ਤੁਹਾਡੇ ਨਾਲ ਐਦਾਂ ਨਾ ਬੋਲ ਸੱਕਿਆ ਜਿੱਦਾਂ ਆਤਮਕਾਂ ਨਾਲ ਸਗੋਂ ਜਿੱਦਾਂ **ਸਰੀਰਕਾਂ** ਨਾਲ ਬੋਲੀਦਾ ਹੈ । ਹਾਂ, ਜਿੱਦਾਂ ਓਹਨਾਂ ਨਾਲ ਜਿਹੜੇ ਮਸੀਹ ਵਿੱਚ ਨਿਆਣੇ ਹਨ ।(2) ਮੈਂ ਤੁਹਾਨੂੰ ਦੁੱਧ ਪਿਆਇਆ, ਅੰਨ ਨਹੀਂ ਖੁਆਇਆ ਕਿਉਂ ਜੋ ਅਜੇ ਤੁਸੀਂ ਉਹ ਦੇ ਜੋਗੇ ਨਹੀਂ ਸਾਓ ਸਗੋਂ ਹੁਣ ਭੀ ਉਹ ਦੇ ਜੋਗੇ ਨਹੀਂ ਹੋ ।(3) ਤੁਸੀਂ ਹੁਣ ਤੀਕ **ਸਰੀਰਕ** ਹੋ ਕਿਉਂਕਿ ਜਦੋਂ **ਜਲਣ** ਅਤੇ **ਝਗੜੇ** ਤੁਹਾਡੇ ਵਿੱਚ ਹਨ ਤਾਂ ਕੀ ਤੁਸੀਂ **ਸਰੀਰਕ** ਨਹੀਂ? ਉਹ ਇੱਕ ਦੂਏ ਨੂੰ ਮਾਰਦੇ ਕੁੱਟਦੇ ਸੀ । ਏਕਤਾ,ਇੱਕਜੁਟ ਵਿੱਚ ਨਹੀਂ ਸੀ ।

1 ਕੁਰਿੰਥੀਆਂ 10 ਵਿੱਚ ਪੌਲੁਸ **ਤੁਲਨਾ** ਕਰਦਾ ਹੈ ਇਸਰਾਏਲ ਦੇ ਪਸਾਹ ਦੇ ਲਹੂ ਦੇ ਨੇਮ ਦੇ ਬਾਦ ਦੇ ਤਜ਼ੁਰਬੇ ਦੇ ਨਤੀਜੇ ਦਾ - ਜਿਸ ਦਾ ਉਨ੍ਹਾਂ ਨੇ ਅਪਮਾਨ ਕੀਤੀ – ਸਾਡੇ ਨਵੇਂ ਨੇਮ ਨਾਲ, **ਸਾਨੂੰ ਉਸ ਦੇ ਨਤੀਜਿਆਂ ਦੀ ਚਿਤਾਵਨੀ ਦਿੰਦੇ ਹੋਏ ।**

1 ਕੁਰਿੰਥੀਆਂ 10 ਹੇ ਭਰਾਵੋ, ਮੈਂ ਨਹੀਂ ਚਾਹੁੰਦਾ ਜੋ ਤੁਸੀਂ ਇਸ ਤੋਂ ਅਣਜਾਣ ਰਹੋ ਭਈ ਸਾਡੇ ਪਿਉ ਦਾਦੇ ਬੱਦਲ ਦੇ ਹੇਠ ਸਨ ਅਤੇ ਉਹ ਸੱਭੇ ਸਮੰਦਰ ਦੇ ਵਿੱਚੋਂ ਦੀ ਲੰਘ ਗਏ ।(2) ਅਤੇ ਸਭਨਾ ਨੂੰ ਉਸ ਬੱਦਲ ਅਤੇ ਉਸ ਸਮੁੰਦਰ ਵਿੱਚ ਮੂਸਾ ਦਾ ਬਪਤਿਸਮਾ ਮਿਲਿਆ ।(3) ਸਭਨਾਂ ਨੇ ਇੱਕੋ ਆਤਮਕ ਭੋਜਨ ਖਾਧਾ ।(4) ਅਤੇ ਸਭਨਾਂ ਨੇ ਇੱਕੋ ਆਤਮਕ ਜਲ **ਪੀਤਾ** ਕਿਉਂ ਜੋ ਓਹਨਾਂ ਨੇ ਉਸ ਆਤਮਕ ਪੱਥਰ ਤੋਂ ਜਲ ਪੀਤਾ ਜਿਹੜਾ ਓਹਨਾਂ ਦੇ ਮਗਰ ਮਗਰ ਚੱਲਦਾ ਸੀ ਅਤੇ ਉਹ ਪੱਥਰ ਮਸੀਹ ਹੈਸੀ । (5) ਪਰੰਤੂ ਪਰਮੇਸ਼ੁਰ ਓਹਨਾਂ ਵਿੱਚੋਂ ਬਾਹਲਿਆਂ **ਨਾਲ ਪਰਸੰਨ ਨਹੀਂ ਸੀ** ਸੋ ਓਹ ਉਜਾੜ ਵਿੱਚ ਢਹਿ ਪਏ ।

(6) **ਅਤੇ ਏਹ ਗੱਲਾਂ ਸਾਡੇ ਲਈ ਨਸੀਹਤ ਬਣੀਆਂ** ਭਈ ਅਸੀਂ **ਮਾੜੀਆਂ ਗੱਲਾਂ ਦੀਆਂ ਕਾਮਨਾਂ** ਨਾ ਕਰੀਏ ਜਿਵੇਂ ਓਹਨਾਂ ਨੇ ਕਾਮਨਾਂ ਕੀਤੀਆਂ ਸਨ ।
(ਗਿਣਤੀ 11 ਮੰਨਾ ਪ੍ਰਤੀ ਸ਼ਿਕਾਯਤ ਕਰਦੇ ਹੋਏ ਅਤੇ ਮਿਸ੍ਰ ਵਿੱਚ ਜਿਹੜਾ ਉਹਨਾਂ ਭੋਜਣ ਕੀਤਾ ਉਸ ਲਈ ਰੋਂਦੇ ਹੋਏ)

(7) ਅਤੇ ਨਾ ਤੁਸੀਂ **ਮੂਰਤੀ ਪੂਜਕ** ਹੋਵੋ ਜਿਵੇਂ ਓਹਨਾਂ ਵਿੱਚੋਂ ਕਈਕੁ ਹੋਏ ਸਨ । ਜਿਸ ਪਰਕਾਰ ਲਿਖਿਆ ਹੋਇਆ ਹੈ ਜੋ ਓਹ ਲੋਕ ਖਾਣ ਪੀਣ ਬੈਠੇ ਅਤੇ ਹੱਸਣ ਖੇਡਣ ਨੂੰ ਉੱਠੇ ।(ਕੂਚ 32:4, 6)

(8) ਅਤੇ ਨਾ ਅਸੀਂ **ਹਰਾਮਕਾਰੀ** ਕਰੀਏ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਕੀਤੀ ਅਤੇ ਇੱਕੋ ਦਿਨ ਵਿੱਚ **ਤੇਈ ਹਜ਼ਾਰ ਜਣਿਆਂ** ਦੇ ਸੱਥਰ ਲੱਥੇ ।(ਸਾਡੇ ਲਈ ਨਸੀਹਤ – ਪਰਮੇਸ਼ੁਰ ਬਿੱਲਕੁੱਲ ਖੁੱਸ਼ ਨਹੀਂ ਸੀ)

(9) ਅਤੇ ਨਾ ਅਸੀਂ ਪ੍ਰਭੂ ਨੂੰ **ਪਰਤਾਈਏ** ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਪਰਤਾਇਆ ਸੀ ਅਤੇ ਸੱਪਾਂ ਤੋਂ **ਨਾਸ** ਹੋਏ ।
(ਗਿਣਤੀ 21) (ਸਾਡੇ ਲਈ ਨਸੀਹਤ – ਪਰਮੇਸ਼ੁਰ ਬਿੱਲਕੁੱਲ ਖੁੱਸ਼ ਨਹੀਂ ਸੀ)

(10) ਅਤੇ ਨਾ ਤੁਸੀਂ **ਬੁੜ ਬੁੜ** ਕਰੋ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਬੁੜ ਬੁੜ ਕੀਤੀ ਅਤੇ ਨਾਸ ਕਰਨ ਵਾਲੇ ਤੋਂ **ਨਾਸ** ਹੋਏ । (ਗਿਣਤੀ 16:41; 17:5, 10)
ਸਾਡੇ ਲਈ ਨਸੀਹਤ – ਪਰਮੇਸ਼ੁਰ ਬਿੱਲਕੁੱਲ ਖੁੱਸ਼ ਨਹੀਂ ਸੀ

- ਇਹ ਪਾਪ "ਮੌਤ ਸੀ", ਇੱਕ ਸ਼ਰੀਰਕ ਮੌਤ, ਸਦੀਪਕ ਮੌਤ **ਨਹੀਂ** ਕਿਉਂ ਜੋ ਉਹ ਲੇਲੇ ਦੇ ਲਹੂ ਦੇ ਨੇਮ ਵਿੱਚ ਸੀ ।
- ਉਨ੍ਹਾਂ ਨਾਲ **ਨਫਰਤ ਨਹੀਂ** ਕੀਤੀ ਗਈ, ਕੇਵਲ ਇਹ ਕੀ ਪ੍ਰਭੂ "**ਬਿਲਕੁਲ ਖੁੱਸ਼ ਨਹੀਂ** ਸੀ" ।

(11) ਸੋ ਏ ਗੱਲਾਂ ਓਹਨਾਂ ਉੱਤੇ **ਨਸੀਹਤ** ਦੇ ਲਈ ਹੋਈਆਂ ਅਤੇ **ਸਾਨੂੰ ਮੱਤ** ਦੇਣ ਲਈ ਲਿਖੀਆਂ ਹੋਈਆਂ ਹਨ ਜਿਨ੍ਹਾਂ ਉੱਤੇ ਜੁੱਗਾਂ ਦੇ ਅੰਤ ਆਣ ਪਹੁੰਚੇ ਹਨ ।(16) ਉਹ **ਬਰਕਤ ਦਾ ਪਿਆਲਾ** ਜਿਹ ਦੇ ਉੱਤੇ ਅਸੀਂ ਬਰਕਤ ਮੰਗਦੇ ਹਾਂ ਕੀ ਉਹ ਮਸੀਹ ਦੇ **ਲਹੂ ਦੀ ਸਾਂਝ** ਨਹੀਂ ? ਉਹ **ਰੋਟੀ** ਜਿਹ ਨੂੰ ਅਸੀਂ ਤੋੜਦੇ ਹਾਂ ਕੀ ਉਹ **ਮਸੀਹ ਦੇ ਸਰੀਰ ਦੀ ਸਾਂਝ** ਨਹੀਂ ? (17) **ਰੋਟੀ ਇੱਕੋ** ਹੈ ਇਸ ਲਈ ਅਸੀਂ ਜੋ ਬਾਹਲੇ ਹਾਂ ਸੋ ਰਲ ਕੇ ਇੱਕ ਸਰੀਰ ਹਾਂ ਕਿਉਂ ਜੋ ਅਸੀਂ ਸੱਭੇ ਇੱਕ ਰੋਟੀ ਵਿੱਚ ਸਾਂਝੀ ਹਾਂ । (18) ਤੁਸੀਂ ਓਹਨਾਂ ਵੱਲ ਧਿਆਨ ਕਰੋ ਜਿਹੜੇ ਸਰੀਰ ਦੇ ਸਰਬੰਧ ਕਰਕੇ ਇਸਰਾਏਲੀ ਹਨ । ਜੋ ਬਲੀਦਾਨਾਂ ਦੇ ਖਾਣ ਵਾਲੇ ਹਨ ਕੀ ਓਹ ਜਗਵੇਦੀ ਦੇ ਸਾਂਝੀ ਨਹੀਂ ?

- ਇੱਸ ਰੋਟੀ ਵਿੱਚੋ ਖਾਣ ਕਰਕੇ ਅਸੀਂ ਜਗਵੇਦੀ ਦੇ ਸਾਂਝੀ ਬਣਦੇ ਹਾਂ / ਬਲਿਦਾਨ / ਯਿਸੂ ਮਸੀਹ ਦੀ ਮੌਤ ਅਤੇ ਜੀ ਉੱਠਨਾ ।

ਪੌਲੁਸ ਇੱਸ ਵਿਸ਼ੈ ਨੂੰ ਅੱਗਲੇ ਅਧਿਆਇ ਵਿੱਚ ਜਾਰੀ ਰੱਖਦਾ ਹੈ ।

1 ਕੁਰਿੰਥੀਆਂ 11:23-30
ਮੈਂ ਤਾਂ ਇਹ ਗੱਲ ਪ੍ਰਭੂ ਤੋਂ ਪਾਈ ਸੀ ਜਿਹੜੀ ਤੁਹਾਨੂੰ ਸੌਂਪ ਦਿੱਤੀ ਭਈ ਪ੍ਰਭੂ ਯਿਸੂ ਨੇ ਜਿਸ ਰਾਤ ਉਹ ਫੜਵਾਇਆ ਗਿਆ ਸੀ **ਰੋਟੀ** ਲਈ, (24) ਅਤੇ ਸ਼ੁਕਰ ਕਰ ਕੇ ਤੋੜੀ ਅਤੇ ਕਿਹਾ, ਇਹ ਮੇਰਾ ਸਰੀਰ ਹੈ ਜੋ ਤੁਹਾਡੇ ਲਈ ਹੈ । ਮੇਰੀ ਯਾਦਗਾਰੀ ਲਈ ਇਹ ਕਰਿਆ ਕਰੋ, (25) ਇਸੇ ਤਰਾਂ ਉਸ ਨੇ ਭੋਜਨ ਖਾਣ ਦੇ ਪਿੱਛੋਂ ਪਿਆਲਾ ਭੀ ਲਿਆ ਅਤੇ ਕਿਹਾ ਜੋ ਇਹ ਪਿਆਲਾ ਮੇਰੇ **ਲਹੂ** ਵਿੱਚ **ਨਵਾਂ ਨੇਮ** ਹੈ । ਜਦ ਕਦੇ ਤੁਸੀਂ ਇਹ ਨੂੰ ਪੀਵੋ ਤਾਂ ਮੇਰੀ ਯਾਦਗਾਰੀ ਲਈ ਇਹ ਕਰਿਆ ਕਰੋ , (26) ਕਿਉਂਕਿ ਜਦ ਕਦੇ ਤੁਸੀਂ ਇਹ ਰੋਟੀ ਖਾਓ ਅਤੇ ਪਿਆਲਾ ਪੀਓ ਤਾਂ ਤੁਸੀਂ ਪ੍ਰਭੂ ਦੀ ਮੌਤ ਦਾ ਪਰਚਾਰ ਕਰਦੇ ਰਹਿੰਦੇ ਹੋ ਜਦ ਤੀਕਰ ਉਹ ਨਾ ਆਵੇ ।

ਅਗਲਾ ਪੌਲੁਸ ਨੇਮ ਦੇ ਨਤੀਜੇ ਅਤੇ ਗੰਭੀਰਤਾ ਬਾਰੇ ਦਸਦਾ ਹੈ;

(27) ਇਸ ਕਰਕੇ **ਜੋ ਕੋਈ ਅਜੋਗਤਾ** ਨਾਲ ਇਹ ਰੋਟੀ ਖਾਵੇ ਅਥਵਾ ਪ੍ਰਭੂ ਦਾ ਪਿਆਲਾ ਪੀਵੇ ਸੋ **ਪ੍ਰਭੂ** ਦੇ **ਸਰੀਰ** (ਅਸੀਂ ਉਸ ਦਾ ਸਰੀਰ ਹਾਂ) ਅਤੇ **ਲਹੂ ਦਾ** ਦੋਸ਼ੀ ਹੋਵੇਗਾ (ਨੇਮ) ।(28) ਪਰ **ਮਨੁੱਖ ਆਪਣੇ ਆਪ ਨੂੰ ਪਰਖੇ ਅਤੇ ਇਉਂ ਇਸ ਰੋਟੀ ਵਿੱਚੋਂ ਖਾਵੇ ਅਤੇ ਪਿਆਲੇ ਵਿੱਚੋਂ ਪੀਵੇ** ।(29) ਜਿਹੜਾ ਖਾਂਦਾ ਅਤੇ ਪੀਂਦਾ ਹੈ ਜੇ ਉਹ ਸਰੀਰ ਦੀ ਜਾਂਚ ਨਾ ਕਰੇ (ਬਿੰਨਾ ਇੱਕਜੁੱਟ ਅਤੇ ਏਕਤਾ) ਤਾਂ ਆਪਣੇ ਉੱਤੇ ਡੰਨ ਲਾ ਕੇ ਖਾਂਦਾ ਪੀਂਦਾ ਹੈ । (30) ਇਸੇ ਕਾਰਨ ਬਾਹਲੇ ਤੁਹਾਡੇ ਵਿੱਚ **ਨਿਤਾਣੇ** ਅਤੇ **ਰੋਗੀ** ਹਨ ਅਤੇ ਕਈਕੁ **ਸੁੱਤੇ ਪਏ** ਹਨ ।

- ਹੋਰ ਅਨੁੰਵਾਦਕ ਕਹਿੰਦੇ ਹਣ "ਕਈਕੁ ਸੁੱਤੇ ਪਏ ਹਨ", ਜਿਸ ਦਾ ਅੱਰਥ ਹੈ ਕੀ ਕਇਕੁ ਸਮੇਂ ਤੋਂ ਪਹਿਲਾਂ ਹੀ ਮਰ ਗਏ ।

  ( ਸੁੱਤੇ ਪਏ ਹਨ ਦਾ ਅੱਰਥ ਹੈ ਮੌਤ ਵੇਖੋ: ਯੂਹੰਨਾ 11:11-14; 1 ਕੁਰਿੰਥੀਆਂ 15:51)

- ਕਈ ਕਾਰਨ ਹਨ ਨਿਤਾਣੇ ਹੋਣ ਦੇ, ਰੋਗੀ ਅਤੇ ਮੌਤ ਦੇ ਪਰ ਇਹ ਬੜਾ ਮੁੱਖ ਹੈ ਅਤੇ ਇਸ ਤੋਂ ਬਚਿਆ ਜਾ ਸਕਦਾ ਹੈ ।

ਅੱਜ ਦੇ ਮਣੇ ਪਰਵਣੇ ਮਸੀਹਿਆਂ ਨਾਲੋਂ ਕਈ ਤਰੀਕੇ ਨਾਲੋਂ ਜਿਆਦਾ ਸਪਸ਼ਟ ਰੀਤੀ ਨਾਲ ਮੁਸਲਮਾਨਾ ਨੂੰ "ਰੋਟੀ ਦੇ ਤੋੜੇ" ਜਾਣ ਦਾ ਅੱਰਥ ਕੀ ਹੈ ਦਾ ਪਤਾ ਹੈ ।

- ਇਹ ਤਾਂ ਨੇਮ ਦੀ **ਸਮ੍ਰਿਤ੍ਰੀ** ਹੈ ਜਿਸ ਨੂੰ ਯਿਸੂ ਨੇ ਸ਼ੁਰੂ ਕੀਤਾ ।
- ਇਹ ਸਾਡੀ ਨੇਮ ਪ੍ਰਤੀ ਉਸ ਨਾਲ ਪਰੰਤੂ ਇਕ ਦੂਏ ਨਾਲ ਵੀ ਪ੍ਰਤੀਗਿਆ ਦੀ **ਯਾਦਗਾਰੀ** ਹੈ ।
- ਅਤੇ ਪੌਲੁਸ ਸਾਨੂੰ ਯਾਦ ਦਿਲਾਉਂਦਾ ਹੈ ਜੋ ਸਾਨੂੰ ਸਰੀਰ ਨੂੰ ਸਹੀ ਰੀਤੀ ਨਾਲ ਜਾਂਚ ਅਤੇ ਪਰੱਖ ਲੈਨਾ ਚਾਹਿਦਾ ਹੈ । ਅੱਰਥ ਇਹ ਹੈ ਕਿ ਸਾਨੂੰ ਜਾਂਚ ਲੈਨਾ ਚਾਹਿਦਾ ਹੈ ਜੋ ਸਾਡੇ ਭਰਾ ਅਤੇ ਭੈਨਾ ਇੱਕੋ ਸਰੀਰ ਦੇ ਮੈਂਬਰ ਹਾਂ, ਅਸੀਂ ਇੱਕੋ ਹਾਂ - ਏਕਤਾ । ਅਸੀਂ ਨੇਮ ਵਿੱਚ ਇੱਕਠੇ ਹਾਂ

- ਜਿੱਸ ਦਾ ਅੱਰਥ ਹੈ ਜਿੱਸ ਘੜੀ ਅਸੀਂ ਇਸ ਰਿਸ਼ਤੇ ਵਿੱਚ ਆ ਗਏ ਅਤੇ ਨੇਮ ਦੇ ਭੋਜ ਵਿੱਚ ਹਿਸਾ ਲੈਕੇ ਇਸ ਨੂੰ ਤਾਜਾ ਕੀਤਾ, ਅਸੀਂ **ਇੱਕ ਦੂਏ ਪ੍ਰਤੀ ਵਫਾਦਾਰ ਹੋਣ ਲਈ ਸਮਰਪੱਤ ਹੋ ਗਏ** ।

- ਉਨ੍ਹਾਂ ਫੋਜਿਆਂ ਵਾਂਗ, ਅਪਣਿਆਂ ਭਾਵਨਾਵਾਂ ਦੇ ਹੁੰਦਿਆਂ ਵੀ, ਉਨ੍ਹਾਂ ਨੂੰ ਉਸ ਯਹੂਦਣ ਔਰਤ ਦਾ ਆਦਰਮਾਨ ਕਰਨਾ ਸੀ ਕਿਉਂ ਜੋ ਉਨ੍ਹਾਂ ਦੇ ਅਫ਼ਸਰ ਨੇ ਉਸ ਨਾਲ ਰੋਟੀ ਤੋੜੀ ਸੀ, ਇੱਸਲਈ ਸਾਡਾ ਵਿਅਕਤੀਗੱਤ **ਵਤੀਰਾ** ਜਾਂ **ਭਾਵਨਾਵਾਂ** ਜਾਂ **ਜਜ਼ਬਾ** ਦੀ ਪਰਵਾਹ ਕੀਤੇ ਬਗੈਰ, ਜਦੋਂ ਅਸੀਂ ਰੋਟੀ ਤੋੜਦੇ ਹਾਂ – ਜਦੋਂ ਅਸੀਂ ਨੇਮ ਦੇ ਭੋਜ ਨੂੰ ਲੈਂਦੇ ਹਾਂ – ਅਸੀਂ ਇੱਕ ਦੂਏ ਦੇ ਪ੍ਰਤੀ ਵਫ਼ਾਦਾਰੀ ਦੀ ਕ੍ਰੀਆ ਲਈ ਪਾਬੰਦ ਹੋ ਜਾਂਦੇ ਹਾਂ । ਸ਼ਾਦੀ ਦੇ ਨੇਮ ਵਿੱਚ ਵੀ ।

ਜਬੂਰ 41:9 ਸਗੋਂ ਮੇਰਾ ਮੇਲੀ ਜਿਹ ਦੇ ਉੱਤੇ ਮੇਰਾ ਭਰੋਸਾ ਸੀ (ਉਸ ਨਾਲ ਮੇਲ ਵਿੱਚ ਸੀ), ਅਰ ਜਿਸ ਨੇ ਮੇਰੀ ਰੋਟੀ ਖਾਧੀ (ਸ਼ਾਂਤੀ ਦਾ ਨੇਮ), ਉਸ ਨੇ ਵੀ ਮੇਰੇ ਉੱਤੇ ਲੱਤ ਚੁੱਕੀ ਹੈ ।

ਬਹੁਤ ਸਾਰੇ ਏਸ਼ੀਅਣ ਸਭਿਅਤਾ ਵਿੱਚ, ਦੂਏ ਵੱਲ ਜੁੱਤੀ ਦਾ ਥੱਲੜਾ ਪਾਸਾ ਵਿੱਖਾਉਨਾਂ ਉਸ ਵਿਅਕਤੀ ਨੂੰ ਤਰਿਸਕਾਰ ਕੇ ਉਸ ਨੂੰ ਬੇਇਜ਼ਤ ਕਰਨਾ ਹੈ ।

- ਸਾਨੂੰ ਇੱਕ ਦੂਏ ਨਾਲ ਰੋਟੀ ਨਹੀਂ ਖਾਨੀ ਚਾਹੀਦੀ ਅਤੇ ਫਿਰ ਦੂਏ ਉੱਤੇ ਜੁੱਤੀ ਚੁੱਕਿਏ ਅਲੋਚਨਾ ਰਾਹੀ / ਕਲੰਕ / ਨੀਵਾਂ ਵਿੱਖਾਉਨਾ / ਝੂਠ ਬੋਲਨਾ / ਚੁੱਗਲੀ / ਜਾਂ ਹੋਰ ਕਿਸੇ ਵੀ ਤਰਾਂ ਨਾਲ ਨਿਰਦਾਈ ਜਾਂ ਪ੍ਰੇਮ ਰਹਿਤ ਕ੍ਰੀਆ ਰਾਹੀ ।
- ਪੋਲੁਸ ਕਹਿੰਦੇ ਨੇ ਜਦੋਂ ਅਸੀਂ ਨੇਮ ਭੋਜ ਲੈਂਦੇ ਹਾਂ ਤਾਂ ਦੋ ਹੀ ਗਲਾਂ ਹਣ ।
  (1) ਜੇ ਅਸੀਂ ਇਸ ਨੂੰ ਸਹੀ ਰਿਸ਼ਤਿਆਂ ਵਿੱਚ ਲੈਂਦੇ ਹਾਂ ਤਾਂ ਇਹ ਸਾਡੇ ਤੇ ਆਸੀਸਾਂ ਅਤੇ ਸੀਹਤ ਲਿਆਉਂਦਾ ਹੈ । ਕ੍ਰਿਪਾ ਕਰਕੇ ਵੇਖੋ ਜਬੂਰ 133
  (2) **ਪਰ** ਜੇ ਸਾਡੇ **ਰਿਸ਼ਤੇ ਗੱਲਤ ਹਣ** ਤਾਂ ਇਹ ਸਾਡੇ ਤੇ ਮੁਸ਼ਕਲਾਂ, ਸੰਭਵ ਹੈ ਬਿਮਾਰੀਆਂ, ਅਤੇ ਕਈਆਂ ਲਈ ਚਰਮ ਸੀਮਾਵਿੱਚ ਜਾ ਕੇ, ਮੌਤ ।

ਇਹ ਤਾਂ ਬੜਾ ਸੰਜੀਦਾ ਵਿਚਾਰ ਹੈ । ਪਰ ਫਿਰ, ਨੇਮ ਦੇ ਰਿਸ਼ਤੇ ਬਹੁਤ ਸੰਜੀਦਾ ਅਤੇ ਗੰਭੀਰ ਕਰਤੱਵ ਹੈ ।
ਪ੍ਰਭੂ ਸਾਡੀ ਸਹਾਇਤਾ ਕਰੇ ਜੋ ਅਸੀਂ ਅਪਣੇ ਨੇਮ ਦੇ ਰਿਸ਼ਤੇ ਨੂੰ ਹੱਲਕੀ ਰੀਤੀ ਨਾਲ **ਨਾ** ਲਈਏ:

- ਸਾਡਾ ਪ੍ਰਭੂ ਦੇ ਨਾਲ ਨੇਮ
- ਸਾਡਾ ਆਪੋ ਵਿੱਚ ਇੱਕ ਦੂਏ ਨਾਲ ਨੇਮ
- ਸਾਡੀ ਸ਼ਾਦੀ ਦਾ ਨੇਮ

(31) ਪਰ ਜੇ ਅਸੀਂ **ਆਪਣੇ ਆਪ ਨੂੰ ਜਾਚਦੇ** ਤਾਂ ਜਾਚੇ **ਨਾ ਜਾਂਦੇ** ।

- 1 ਯੂਹੰਨਾ 1:9 ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ ।

(32) ਪਰ **ਜਾਂ ਜਾਚੇ ਜਾਂਦੇ** ਹਾਂ ਤਾਂ ਪ੍ਰਭੂ ਤੋਂ **ਤਾੜੇ ਜਾਂਦੇ ਹਾਂ** ਤਾਂ ਜੋ **ਅਸੀਂ ਸੰਸਾਰ ਨਾਲ ਦੋਸ਼ੀ ਨਾ ਠਹਿਰਾਏ ਜਾਈਏ** ।

- ਜਿਹੜਾ ਹੈ, ਕਿ ਅਸੀਂ ਸਦੀਪਕ ਮੁੱਕਤੀ ਨੂੰ ਜਿਹੜਾ ਸਾਨੂੰ ਪ੍ਰਭੂ ਨੇ ਮੁੱਫਤ ਦਿੱਤਾ ਹੈ **ਨਾ** ਗਵਾਵਾਂਗੇ । ਸਾਡੇ ਕੋਲੋਂ ਨੇਮ ਟੁੱਟ ਸਕਦਾ ਹੈ ਪਰ ਉਹ ਵਫ਼ਾਦਾਰ ਹੈ ।
  ਤਾੜੇ ਜਾਂਦੇ ਹਾਂ, ਹਾਂ । ਤਿਰਿਸਕਾਰੇ ਜਾਨਾਂ, ਨਹੀਂ!

ਪਰ ਗੰਭੀਰ ਨਤੀਜੇ ਨਿਕਲਦੇ ਹਨ ਜਦੋਂ ਅਸੀਂ **ਪ੍ਰਭੂ** ਦੀ ਅਣਆਗਿਆਕਾਰੀ ਕਰਦੇ ਹਾਂ ਅਤੇ ਦੇਹ ਦਾ **ਆਦਰ ਨਹੀਂ ਕਰਦੇ** ਹਾਂ ।

ਹੇਠ ਲਿੱਖੇ ਤੇ ਗੌਰ ਕਰੋ:

- ਸੋ ਜੇ ਤੂੰ ਜਗਵੇਦੀ ਉੱਤੇ ਆਪਣੀ ਭੇਟ ਚੜ੍ਹਾਉਣ ਲੱਗੇ ਅਰ ਉੱਥੇ ਤੈਨੂੰ ਚੇਤੇ ਆਵੇ ਜੋ ਮੈਂ ਆਪਣੇ ਭਰਾ ਨਾਲ **ਖੋਟ ਕਮਾਇਆ ਹੈ** ।ਤਾਂ ਉੱਥੇ ਆਪਣੀ ਭੇਟ ਜਗਵੇਦੀ ਦੇ ਸਾਹਮਣੇ ਛੱਡ ਕੇ ਚੱਲਿਆ ਜਾਹ ਅਤੇ **ਪਹਿਲਾਂ** ਆਪਣੇ ਭਰਾ ਨਾਲ **ਮੇਲ ਕਰ** । ਪਿੱਛੋਂ ਆਣ ਕੇ ਆਪਣੀ ਭੇਟ ਚੜ੍ਹਾ । ਮੱਤੀ 5:23-25

- ਯਾਕੂਬ 5:9 ਹੇ ਭਰਾਵੋ, **ਇੱਕ ਦੂਏ** ਦੇ ਵਿਰੁੱਧ **ਬੁੜ ਬੁੜ ਨਾ ਕਰੋ**, **ਭਈ ਤੁਸੀਂ ਦੋਸ਼ੀ ਨਾ ਠਹਿਰਾਏ ਜਾਓ** ।ਵੇਖੋ, ਨਿਆਈ ਬੂਹੇ ਉੱਤੇ ਖਲੋਤਾ ਹੈ !

- ਯਾਕੂਬ 4:11 **ਇੱਕ ਦੂਏ ਦੇ ਵਿਰੁੱਧ ਨਾ ਬੋਲੋ** . . . ਨਾ ਭਰਾ ਉੱਤੇ **ਦੋਸ਼ ਲਾਉ,** (12) ਸ਼ਰਾ ਦਾ ਦੇਣ ਵਾਲਾ ਅਤੇ ਨਿਆਈ ਇੱਕੋ ਹੈ . . . ਪਰ ਤੂੰ ਆਪਣੇ ਗੁਆਂਢੀ ਉੱਤੇ ਦੋਸ਼ ਲਾਉਣ ਵਾਲਾ ਕੌਣ ਹੁੰਦਾ ਹੈਂ ?

- 1 ਪਤਰਸ 5:8-9 ਤੁਹਾਡਾ ਵਿਰੋਧੀ ਸ਼ਤਾਨ ਬੁਕਦੇ ਸ਼ੀਂਹ ਵਾਂਙੁ ਭਾਲਦਾ ਫਿਰਦਾ ਹੈ ਭਈ **ਕਿਹ ਨੂੰ ਪਾੜ ਖਾਵਾਂ** ! (ਵਿਸਵਾਸੀਆਂ ਲਈ ਲਿੱਖੀਆ ਹੈ)

- ਅਫ਼ਸੀਆਂ 4:26-27 ਸੂਰਜ ਤੁਹਾਡੇ **ਕ੍ਰੋਧ** ਉੱਤੇ ਨਾ ਡੁੱਬ ਜਾਵੇ! ਅਤੇ **ਨਾ ਸ਼ਤਾਨ ਨੂੰ ਥਾਂ ਦਿਓ** !

- ਮੱਤੀ 18:34-35 ਅਤੇ ਜਿੰਨਾ ਚਿਰ ਸਾਰਾ ਕਰਜ ਭਰ ਨਾ ਦੇਵੇ ਉਸ ਦੇ ਮਾਲਕ ਨੇ ਕ੍ਰੋਧੀ ਹੋ ਕੇ ਉਹ ਨੂੰ **ਦੁਖ ਦਾਇਕਾਂ** ਦੇ ਹਵਾਲੇ ਕੀਤਾ । ਇਸੇ ਤਰਾਂ ਮੇਰਾ ਸੁਰਗੀ ਪਿਤਾ ਵੀ ਤੁਹਾਡੇ ਨਾਲ ਕਰੇਗਾ ਜੇ ਤੁਸੀਂ ਆਪਣੇ **ਭਾਈਆਂ ਨੂੰ ਆਪਣੇ ਦਿਲਾਂ ਤੋਂ ਮਾਫ਼ ਨਾ ਕਰੋ** ।

ਆਉ ਅਸੀਂ ਅਪਣੇ ਆਪ ਨੂੰ **ਜਾਂਚਿਏ** - **ਅਪਣੇ ਵਿਵੇਕ** ਨੂੰ ਇਜਾਜ਼ਤ ਦਿਉ, ਅਤੇ **ਪਵਿੱਤਰ ਆਤਮਾ** ਨੂੰ ਇਜਾਜ਼ਤ ਦਿਉ ਕਿ ਤੁਹਾਡੇ ਮੰਨ ਵਿੱਚੇ ਚੇਤੇ ਕਰਾਵੇ ਜਿਨ੍ਹਾਂ ਨੂੰ ਸ਼ਮਾ ਕਰਨਾ, ਜਾਂ ਜਿਨ੍ਹਾਂ ਨੂੰ ਅਸੀਂ ਦੁੱਖੀ ਕੀਤਾ ਹੈ

- ਜੇ ਉਹ ਤੁਹਾਡੇ ਮੰਨ ਵਿੱਚ ਚੇਤੇ ਕਰਾਵੇ ਕਿਸੇ ਪ੍ਰਤੀ ਤੁਹਾਡਾ ਗੁੱਸਾ ਜਾਂ ਨਰਾਜਗੀ – ਹੁਣੇ ਹੀ ਉਨ੍ਹਾਂ ਨੂੰ ਸ਼ਮਾ ਕਰਨ ਦਾ ਫੈਸਲਾ ਕਰੋ ਬੇਸ਼ਕ ਜੈਸੀ ਮਰਜੀ **ਚੋਟ** ਪਹੁੰਚੀ ਹੋਵੇ, ਸਾਡੇ ਅਪਣੇ ਵਿਅਕਤੀਗੱਤ **ਵਤੀਰੇ** ਜਾਂ **ਭਾਵਨਾ** ਜਾਂ **ਜਜ਼ਬਾ** ਨੂੰ ਇੱਕ ਪਾਸੇ ਰੱਖ ਕੇ ।
- ਪ੍ਰਾਥਨਾ ਕਰੋ ਅਤੇ ਪ੍ਰਭੂ ਨੂੰ ਦੱਸੋ ਕਿ ਤੁਸਾਂ ਉਨ੍ਹਾਂ ਨੂੰ ਸ਼ਮਾ ਕਰਦੇ ਹੋ, ਅਤੇ ਪਵਿੱਤਰ ਆਤਮਾ ਨੂੰ ਕਹੋ ਕੀ ਤੁਹਾਡੇ ਦਿੱਲ ਅਤੇ ਮੰਨ ਵਿੱਚ ਇਹ ਸੱਚਾ ਹੋ ਜਾਵੇ ।
- ਜੇ ਕੋਈ ਵੀ ਨਹੀਂ, ਜਾਂ ਕੁਝ ਵੀ ਮੰਨ ਵਿੱਚ ਨਾ ਆਵੇ – ਤਾਂ ਸ਼ਾਂਤ ਹੋ ਜਾਵੋ

ਪਰਮੇਸ਼ੁਰ ਨੇ ਸਾਡੇ ਨਾਲ ਇੱਕ ਵਾਚਾ ਬਣੀ ਹੈ, ਸ਼ਾਂਤੀ ਦਾ ਸੰਮਝੋਤਾ, ਇੱਕ ਨੇਮ ਜੋ ਉਸ ਦੀ ਅੱਛਾਈ ਤੇ ਅਧਾਰਤ ਹੈ, ਸਾਡੇ ਨਿਕਮੇਪਣ ਤੇ ਨਹੀਂ ।

ਜਿਵੇਂ ਅਸੀ ਰੋਟੀ ਖਾਂਦੇ ਹਾਂ, ਮਸੀਹ ਵਿੱਚ ਏਕਾ ਦੱਸਦੇ ਹੋਏ ਅਤੇ ਪਿਆਲਾ ਪੀਂਦੇ, ਪਰਮੇਸ਼ੁਰ ਦੀ ਸ਼ਮਾ ਕ੍ਰਿਪਾ ਦੀ ਤਸਵੀਰ ਬਣਦੀ ਹੈ, ਆਓ ਅਸੀਂ ਪਰਮੇਸ਼ੁਰ ਦੀ ਵਡੀਆਈ ਕਰੀਏ ਕਿਉਂ ਜੋ ਉਸ ਨੇ ਸਾਡੇ ਨਾਲ ਮਸੀਹ ਰਾਹੀ ਮੇਲ ਕਰ ਲਿਆ ।